ਜਿਸ ਕਿਤਾਬ ਪਰ ਮੁਸੱਨਿਫ਼ ਕੇ ਯਾ ਬਾਬਾ ਹਰੀਸਿੰਘ ਗੁਰਮੁਖ ਐਂਡ ਸੰਨਜ਼ ਕੇ
ਦਸਤਖ਼ਤ ਮੋਹਰ ਵਾ ਤਸਵੀਰ ਮੁਸੱਨਿਫ਼ ਕੀ ਨਾ ਹੋਵੇਗੀ ਓਹ ਮਾਲ ਚੋਰੀ ਦਾ
ਮਸਝਿਆ ਜਾਵੇਗਾ

# ਰੂਪ ਬਸੰਤ

ਕ੍ਰਿਤ

॥ ਪੰਡਤ ਕਵੀ ਕਾਲੀਦਾਸ ਗੁਜਰਾਂਵਾਲੀਆ ॥

ਜੂਨ ਸੱਨ ੧੯੩੭

ਮੂਰਤ ਪੰਡਤ ਕਾਲੀਦਾਸ



ਯਹਿ ਕਿਤਾਬ ਰਜਿਸਟ੍ਰੀ ਸ਼ੁਦਾ ਹੈ

ਜਿਸਕੋ ਬਾਬਾਹਰੀਸਿੰਘ ਐਂਡ ਸੰਨਜ਼ ਨੇ ਅਪਨੇ ਮਤਬਿਆ
ਗੁਰਮੁਖ ਪ੍ਰੇਸ ਗੁਜਰਾਂਵਾਲਾ ਮੇਂ
ਛਾਪਾ ਔਰ ਪ੍ਰਕਾਸ਼ਤ ਕੀਯਾ
ਮੋਹਰ ਬਾਬਾ ਹਰੀ ਦਸਤਖ਼ਤ ਕਰਤਾ
ਸਿੰਘਐਂਡਸੰਨਜ਼

ਸੰਮਤ ੧੯੯੪ ] ਤਾਦਾਦ ਜਿਲਦ ੩੦੦੦ [ ਮੋਖ ॥)

ੴ ਸਤਿਗੁਰ ਪ੍ਰਸਾਦ

ੴ ਪ੍ਰਗਟਿਓ ਵਾਹਿਗੁਰੂ ਕਾ ਰੂਪ। ਸ਼੍ਰੀ ਗੁਰੂ ਨਾਨਕ ਦੇਵ ਕਾ ਸਮਝੋ ਸਤਿਸਰੂਪ॥ ਆਦ ਗੁਰੂ ਲੈ ਦਸਮ ਤਕ ਨਹੀਂ ਭਿੱਨ ਕੁਛ ਭੇਦ। ਏਕ ਜੋਤ ਵਿਆਪਕ ਰਹੀ ਏਕਾ ਰੂਪ ਅਭੇਦ॥ ਵਾਹਿਗੁਰੂ ਕਾ ਨਾਮ ਜੋ ਚਾਰ ਵੇਦ ਕਾ ਸਾਰ। ਨਿਸਚੇ ਜੋ ਪ੍ਰਾਨੀ ਭਜੇ ਕੁਲ ਕਾ ਕਰੇ ਉਧਾਰ। ਸਤਿਗੁਰ ਬਾਬਾ ਲਾਲਸਿੰਘ ਸੋ ਲਾਲਨ ਕੇ ਲਾਲ। ਵਰਖਾ ਕੀਨੀ ਨਾਮ ਕੀ ਕੀਨਾ ਜਗਤ ਨਿਹਾਲ। ਜਿਲਾ ਜਾਨ ਹੁਸ਼ਿਆਰਪੁਰ ਸਤਿਗੁਰ ਤਾਰਨ ਹਾਰ।

ਨਗਰ ਮਾਹਲ ਪੁਰ ਬਾੜੀਆਂ ਜਹਾਂ ਭਏ ਅਵਤਾਰ। ਸਤਿਗੁਰ ਗੁਰਮੁਖ ਬਾਬਾ ਹਰੀਸਿੰਘ ਪ੍ਰਗਟ ਭਏ ਕਿਰਪਾਲ। ਜਿਲਾ ਸਮਝ ਗੁਜਰਾਤ ਕਾ ਨਗਰੀ ਭਾਗੋਵਾਲ। ਨਾਮ ਦ੍ਰਿੜਿਆਇਓ ਜਗਤ ਮੇਂ ਕੀਨਾ ਪਰ ਉਪਕਾਰ। ਤਾਰੇ ਕਾਲੀਦਾਸ ਸਭ ਮਹਿਮਾ ਅਪਰ ਅਪਾਰ॥

ਦੋਹਿਰਾ—ਸ਼੍ਰੀ ਗੁਰੂ ਚਰਨ ਧਿਆਨ ਧਰ ਕਥਨਾ ਕਥੂੰ ਅਨੰਤ।
ਕਾਲੀਦਾਸ ਉਚਾਰੀਏ ਲੀਲਾ ਰੂਪ ਬਸੰਤ॥

G
161
੮੯੧.੪੨੨
ਕਾ੧੪ਰੂ
30659

੧ ਓ ਸਤਿਗੁਰ ਪ੍ਰਸਾਦਿ ।

# * ਰੂਪ ਬਸੰਤ *

—————

## ॥ ਪ੍ਰਾਰਥਨਾ ॥

ਇੱਛਿਆ ਪੂਰਨ ਕਰੋ ਕਿਰਪਾਲਾ । ਦਿਓ ਭਗਤ ਵਰਦਾਨ ਦਯਾਲਾ ॥
ਗੁਣਾਬਾਦ ਨਿਤ ਕਰੂੰ ਬਖਾਨਾ । ਚਰਨ ਕਮਲ ਕਾ ਧਰੂੰ ਧਿਆਨਾ ॥
ਤੁਮਰਾ ਪ੍ਰੇਮ ਹਿਰਦੇ ਮੇਂ ਰਾਖੂੰ । ਕੂੜ ਬਚਨ ਮੁਖ ਸੇ ਨਹੀਂ ਭਾਖੂੰ ॥
ਦੂਰ ਕਰੋ ਜੜਤਾ ਨਿਠੁਰਾਈ । ਚਰਨ ਕਮਲ ਰਾਖੂੰ ਲਿਵਲਾਈ ॥
ਧੀਰਜ ਧਰਮ ਗਿਆਨ ਬਿਗਜ਼ਾਨਾ । ਨੀਚ ਬੁੱਧ ਕਰ ਕਛੂ ਨਾ ਜਾਨਾ ॥
ਨਹੀਂ ਜਾਨੂੰ ਜਪ ਜੋਗ ਸਮਾਧੀ । ਕੌਨ ਕਰਮ ਕਰ ਮਿਟੇ ਉਪਾਧੀ ॥
ਮੋਹ ਮਾਇਆ ਮਧ ਦੂਰ ਨਿਵਾਰੋ । ਕਰ ਕਿਰਪਾ ਪ੍ਰਭੂ ਆਪ ਉਧਾਰੋ ॥
ਨਹੀਂ ਕਛੁ ਔਰ ਮਨੋਰਥ ਮੇਰਾ । ਕਾਲੀਦਾਸ ਦਾਸ ਹੋਇ ਤੇਰਾ ॥

### ਦੋਹਾ

ਹੌਂ ਭਿਖਿਆਰੀ ਮਾਂਗਤਾ ਦਿਓ ਨਾਮ ਵਰਦਾਨ ।
ਬਿਨਾ ਨਾਮ ਕੇ ਸਿਮਰਿਆਂ ਨਹੀਂ ਹੋਤ ਕਲਿਆਨ ॥

### * ਉਸਤਤੀ ਨਾਰਾਇਣ ਜੀ ਕੀ *

ਓਅੰਕਾਰ ਬੀ ਤੂੰ ਤੇ ਆਕਾਰ ਬੀ ਤੂੰ ਨਿਰਾਕਾਰ ਬੀ ਤੂੰਈ ਸਾਕਾਰ ਬੀ ਤੂੰ । ਦੀਨ ਦੁਨੀ ਬੀ ਤੂੰ ਗਿਆਨੀ ਗੁਣੀ ਬੀ ਤੂੰ ਰਿਖੀ ਮੁਨੀ ਬੀ ਤੂੰ ਅਪਰਮਪਾਰ ਬੀ ਤੂੰ । ਸ਼ੱਮਸ ਕਮਰ ਬੀ ਤੂੰ ਅਜਰ ਅਮਰ ਬੀ ਤੂੰ ਪੁਸ਼ਤ ਕਮਰ ਬੀ ਤੂੰ ਦੇਹੀਧਾਰ ਬੀ ਤੂੰ । ਜੋਗੀ ਜੋਗ ਮੇਂ ਤੂੰ ਰੋਗੀ ਰੋਗ ਮੇਂ ਤੂੰ ਭੋਗੀ ਭੋਗ ਮੇਂ ਤੂੰ ਨਿਰਾਹਾਰ ਬੀ ਤੂੰ । ਧਰਤ ਅਕਾਸ਼ ਬੀ ਤੂੰ ਉਤਪਤ ਨਾਸ਼ ਬੀ ਤੂੰ ਤਮ ਪ੍ਰਕਾਸ਼ ਬੀ ਤੂੰ ਅੰਧਕਾਰ ਬੀ ਤੂੰ । ਨੇਸਤ ਹਸਤ ਬੀ ਤੂੰ ਉਦੇ ਅਸਤ ਬੀ ਤੂੰ ਮਹਵੇ ਮਸਤ ਬੀ ਤੂੰ ਹੋਸ਼ਿਆਰ ਬੀ ਤੂੰ । ਮੇਹਰਬਾਣ ਬੀ ਤੂੰ ਕਦਰਦਾਨ ਬੀ ਤੂੰ ਨਿਗਾਹਬਾਨ ਬੀ ਤੂੰ ਚੋਰ ਯਾਰ ਬੀ ਤੂੰ । ਨੇੜੇ

ਦੂਰ ਤੇ ਹਾਜ਼ਰ ਹਜ਼ੂਰ ਬੀ ਤੂੰ ਸ਼ਾਹ ਮਨਸੂਰ ਬੀ ਤੂੰ ਅਤੇ ਦਾਰ ਬੀ ਤੂੰ। ਫ਼ਜ਼ਲੋ ਕਰਮ ਬੀ ਤੂੰ ਭਾਉ ਭਰਮ ਬੀ ਤੂੰ ਦਯਾ ਧਰਮ ਤੇ ਕਹਿਰ ਕਹਾਰ ਬੀ ਤੂੰ। ਹਰ ਹਰ ਰੰਗ ਮੇਂ ਤੂੰ ਗੌਹਰ ਸੰਗ ਮੇਂ ਤੂੰ ਤਬਲੋ ਚੰਗ ਮੇਂ ਤੂੰ ਹਰ ਹਰ ਤਾਰ ਬੀ ਤੂੰ। ਬੇ ਚਗੂਨ ਬੀ ਤੂੰ ਤੇ ਬੇ ਚੂਨ ਬੀ ਤੂੰ ਗੁਨਾ ਗੂਨ ਬੀ ਤੂੰ ਔਜੜ ਬਾਰ ਬੀ ਤੂੰ। ਸੁਬਾਹ ਸ਼ਾਮ ਬੀ ਤੂੰ ਗਾਤ ਗਾਮ ਬੀ ਤੂੰ ਰੂਮ ਸ਼ਾਮ ਤੇ ਬਲਖ਼ ਬੁਖ਼ਾਰ ਬੀ ਤੂੰ। ਹੱਥ ਖ਼ਸਮ ਦੇ ਨੱਥ ਸਮੱਥ ਬੀ ਤੂੰ ਕਾਰਨ ਕਰਨ ਕਰਾਵਨੇ ਹਾਰ ਬੀ ਤੂੰ। ਉਹਲੇ ਕੱਖ ਬੀ ਤੂੰਈ ਪ੍ਰਤੱਖ ਬੀ ਤੂੰ ਸਵਾ ਲੱਖ ਬੀ ਤੂੰਈ ਹਜਾਰ ਬੀ ਤੂੰ। ਫੱਲ ਰੁੱਖ ਬੀ ਤੂੰ ਦੁੱਖ ਸੁੱਖ ਬੀ ਤੂੰ ਜੀਹਬਾ ਮੁੱਖ ਬੀ ਤੂੰਈ ਗੁਫ਼ਤਾਰ ਬੀ ਤੂੰ। ਰਾਜਾ ਰੰਕ ਬੀ ਤੂੰ ਤੇ ਅਟੰਕ ਬੀ ਤੂੰ ਨਿਸ਼ਕਲੰਕ ਬੀ ਤੂੰਈ ਅਵਤਾਰ ਬੀ ਤੂੰ। ਕਾਗ ਮੋਰ ਬੀ ਤੂੰ ਸਾਧ ਚੋਰ ਬੀ ਤੂੰ ਮੜੀ ਗੋਰ ਬੀ ਤੂੰ ਜਾਨਦਾਰ ਬੀ ਤੂੰ। ਅਸਲ ਨਕਲ ਬੀ ਤੂੰ ਹੋਸ਼ ਅਕਲ ਬੀ ਤੂੰ ਸੂਰਤ ਸ਼ਕਲ ਤੇ ਨਕਸ਼ ਨਗਾਰ ਬੀ ਤੂੰ। ਸਵੇਤ ਕ੍ਰਿਸ਼ਨ ਬੀ ਤੂੰ ਬ੍ਰਹੱਮਾ ਵਿਸ਼ਨ ਬੀ ਤੂੰ ਰਾਮ ਕ੍ਰਿਸ਼ਨ ਬੀ ਤੂੰ ਜਟਾਧਾਰ ਬੀ ਤੂੰ। ਬੂਟਾ ਸ਼ਾਖ਼ ਬੀ ਤੂੰ ਸੇਬ ਨਾਖ਼ ਬੀ ਤੂੰ ਅੰਬ ਦਾਖ਼ ਬੀ ਤੂੰ ਤੇ ਅਨਾਰ ਬੀ ਤੂੰ। ਸ਼ਹਿਤ ਸ਼ੀਰ ਬੀ ਤੂੰ ਨਿਰਮਲ ਨੀਰ ਭੀ ਤੂੰ ਨਦੀ ਤੀਰ ਤੇ ਸਿੰਧ ਅਪਾਰ ਬੀ ਤੂੰ। ਜਲ ਤੁਰੰਗ ਬੀ ਤੂੰ ਤੇ ਉਮੰਗ ਬੀ ਤੂੰ ਗਯਾ ਗੰਗ ਬੀ ਤੂੰ ਗੰਗਧਾਰ ਬੀ ਤੂੰ। ਖੰਡ ਖੰਡ ਤੇ ਸਕਲ ਬ੍ਰਹਮੰਡ ਬੀ ਤੂੰ ਸੱਚ ਖੰਡ ਤੇ ਸੱਚ ਦਰਬਾਰ ਬੀ ਤੂੰ। ਮਾਲਕ ਮੁਲਕ ਬੀ ਤੂੰ ਅੱਜ ਭਲਕ ਬੀ ਤੂੰ ਪਲਕ ਝਲਕ ਬੀ ਤੂੰ ਘੜੀ ਵਾਰ ਬੀ ਤੂੰ। ਸ਼ਹਿਨ ਸ਼ਾਹ ਬੀ ਤੂੰ ਬੇਪਰਵਾਹ ਬੀ ਤੂੰ ਬਾਦਸ਼ਾਹ ਬੀ ਤੂੰ ਖ਼ਿਦਮਤਗਾਰ ਬੀ ਤੂੰ। ਇਤਰ ਤੇਲ ਬੀ ਤੂੰ ਤੇ ਰਵੇਲ ਬੀ ਤੂੰ ਤੇ ਫੁਲੇਲ ਬੀ ਤੂੰ ਖ਼ੁਸ਼ਬੂਦਾਰ ਬੀ ਤੂੰ। ਬਾਗ਼ਵਾਨ ਬੀ ਤੂੰ ਬੋਸਤਾਨ ਬੀ ਤੂੰ ਬੀਆਬਾਨ ਬੀ ਤੂੰ ਬੁਲਬੁਲ ਜ਼ਾਰ ਬੀ ਤੂੰ। ਠੰਡੀ ਗਾਲ ਬੀ ਤੂੰ ਸੀਸ ਬਾਲ ਬੀ ਤੂੰ ਖ਼ਤੋਖ਼ਾਲ ਬੀ ਤੂੰ ਤੇ ਰੁਖ਼ਸਾਰ ਬੀ ਤੂੰ। ਦਮਬਦਮ ਬੀ ਤੂੰ ਆਦਮਦਮ ਬੀ ਤੂੰ ਸ਼ਾਦੀ ਗ਼ਮ ਬੀ ਤੂੰ ਤੇ ਗ਼ਮ ਖ਼ਵਾਰ ਬੀ ਤੂੰ। ਭਾਈ ਭੈਣ ਬੀ ਤੂੰ ਸਾਕ ਸੈਣ ਬੀ ਤੂੰ ਵਾਲਦੈਨ ਤੇ ਮੋਹਰੇ ਪਿਆਰ ਬੀ ਤੂੰ। ਮਾਲਾ ਮਾਲ ਬੀ ਤੂੰ ਤੇ ਕੰਗਾਲ ਬੀ ਤੂੰ ਪ੍ਰਿਤ ਪਾਲ ਬੀ ਤੂੰ ਪਾਲਨਹਾਰ ਬੀ ਤੂੰ। ਸੁੰਦ੍ਰ ਰਦਨ ਬੀ ਤੂੰ ਚੰਦ੍ਰ ਬਦਨ ਬੀ ਤੂੰ ਮੂਰਤ ਮਦਨ ਤੇ ਕ੍ਰਿਸ਼ਨ ਮੁਰਾਰ ਬੀ ਤੂੰ। ਭਾਓ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.